**ਪੰਜਾਬ ਸਰਕਾਰ**

**ਮਾਲ ਤੇ ਪੁਨਰਵਾਸ ਵਿਭਾਗ**

**(ਭੌਂ ਮਾਲੀਆ-1 ਸ਼ਾਖਾ)**

ਸੇਵਾ ਵਿਖੇ,

1. ਸਮੂਹ ਮੰਡਲ ਕਮਿਸ਼ਨਰਜ਼,
2. ਸਮੂਹ ਡਿਪਟੀ ਕਮਿਸ਼ਨਰਜ਼

ਪੰਜਾਬ ਰਾਜ।

ਮੀਮੋ ਨੰ: LR024/96/2021-LR 1 REVENUE/10918-19

ਚੰਡੀਗੜ੍ਹ ਮਿਤੀ:- 21/10/2021

ਵਿਸ਼ਾ:- Paddy Straw Burning Administrative measures to contain the problem.

ਹਵਾਲਾ:- ਸਰਕਾਰ ਦਾ ਪੱਤਰ ਨੰ: 17/15/2018-ਭਮ-2/11780 ਮਿਤੀ 12.11.2018, ਪੱਤਰ ਨੰ: 17/15/2018-ਭਮ-2/15234-35 ਮਿਤੀ 20.11.2019 ਅਤੇ ਪੱਤਰ ਨੰ: 17/15/2018-ਭਮ-1(2)/7365 ਮਿਤੀ 23.07.2021

ਉਪਰੋਕਤ ਵਿਸ਼ੇ ਦੇ ਸੰਬੰਧ ਵਿਚ ਮਾਲ ਵਿਭਾਗ ਵੱਲੋਂ ਹਵਾਲਾ ਅਧੀਨ ਪੱਤਰਾਂ ਰਾਹੀ ਜਾਰੀ ਕੀਤੀਆਂ ਹਦਾਇਤਾਂ ਦੀ ਲਗਾਤਾਰਤਾ ਵਿਚ ਹੇਠ ਅਨੁਸਾਰ ਵੀ ਹਦਾਇਤ ਕੀਤੀ ਜਾਂਦੀ ਹੈ:-

ੳ) ਝੋਨੇ ਦੀ ਪਰਾਲੀ ਸਾੜਨ ਲਈ ਜਿੰਮੇਵਾਰ ਵਿਅਕਤੀ ਤੋਂ Environmental Compensation ਦੀ ਰਿਕਵਰੀ ਲਈ ਕਾਰਵਾਈ ਸਾਇੰਸ ਤਕਨਾਲੋਜੀ ਅਤੇ ਵਾਤਾਵਰਣ ਵਿਭਾਗ ਵੱਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ ਆਪਣੇ ਪੱਧਰ ਤੇ ਕੀਤੀ ਜਾਵੇ।

ਅ) ਜਿਨ੍ਹਾਂ ਵਿਅਕਤੀਆਂ ਤੋਂ Environmental Compensation ਦੀ ਰਿਕਵਰੀ ਕਰ ਲਈ ਜਾਵੇਗੀ ਤਾਂ ਗਿਰਦਾਵਰੀ ਰਜਿਸਟਰ ਵਿੱਚੋਂ ਉਸਦਾ ਇੰਦਰਾਜ (ਜੋ ਲਾਲ ਸਿਆਹੀ ਨਾਲ ਝੋਨਾ ਸਾੜਿਆ ਲਿਖ ਕੇ ਕੀਤਾ ਗਿਆ ਸੀ) ਨੂੰ ਹਟਾ (Remove) ਦਿੱਤਾ ਜਾਵੇ।

2. ਉਕਤ ਹਦਾਇਤਾਂ ਆਪਣੇ ਅਧੀਨ ਆਉਂਦੇ ਸਮੂਹ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿਚ ਲਿਆ ਦਿੱਤੀਆਂ ਜਾਣ।

3. ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨਾ ਯਕੀਨੀ ਬਣਾਈ ਜਾਵੇ।

[signature] 21-10-2021

ਸੁਪਰਡੰਟ ਗਰੇਡ-1

ਉਪਰੋਕਤ ਦਾ ਉਤਾਰਾ ਪ੍ਰਮੁੱਖ ਸਕੱਤਰ, ਸਾਇੰਸ ਤਕਨਾਲੋਜੀ ਅਤੇ ਵਾਤਾਵਰਣ ਵਿਭਾਗ ਨੂੰ ਸੂਚਨਾ/ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

[signature] 21-10-2021

ਸੁਪਰਡੰਟ ਗਰੇਡ-1

ਸੇਵਾ ਵਿਖੇ

ਪ੍ਰਮੁੱਖ ਸਕੱਤਰ ਪੰਜਾਬ ਸਰਕਾਰ,

ਸਾਇੰਸ ਤਕਨਾਲੋਜੀ ਅਤੇ ਵਾਤਾਵਰਣ ਵਿਭਾਗ।

ਅੰ:ਵਿ:ਪੱ:ਨੰ: LR024/96/2021-LR 1 REVENUE/10920 ਚੰਡੀਗੜ੍ਹ ਮਿਤੀ: 21/10/2021

ਇਸ ਦਾ ਇੱਕ ਉਤਾਰਾ ਪ੍ਰੋਜੈਕਟ ਮੈਨੇਜਰ, ਪੰਜਾਬ ਲੈਂਡ ਰਿਕਾਰਡ ਸੋਸਾਇਟੀ ਨੂੰ ਮਾਲ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਹਿੱਤ ਭੇਜਿਆ ਜਾਂਦਾ ਹੈ।

21-10-2021

ਸੁਪਰਡੰਟ ਗਰੇਡ-1

ਸੇਵਾ ਵਿਖੇ,

ਪ੍ਰੋਜੈਕਟ ਮੈਨੇਜਰ,

ਪੰਜਾਬ ਲੈਂਡ ਰਿਕਾਰਡ ਸੋਸਾਇਟੀ।

ਅੰ:ਵਿ:ਪੱ:ਨੰ: LR024/96/2021-LR 1 REVENUE/ 10921 ਚੰਡੀਗੜ੍ਹ ਮਿਤੀ: 21/10/2021